# ਪੰਜਾਬ ਸਰਕਾਰ
# ਸਕੂਲ ਸਿੱਖਿਆ ਵਿਭਾਗ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
3. ਸਮੂਹ ਪ੍ਰਾਇਮਰੀ/ਮਿਡਲ/ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ ਅਤੇ ਅਧਿਆਪਕ (ਵੈਬਸਾਈਟ ਰਾਹੀਂ)।

ਮੀਮੋ ਨੰ.: 24/3/2019/ਪੀ.ਈ.ਐਸ/ਈ-ਕੰਨਟੈਂਟ/366454
ਮਿਤੀ: ..25... ਅਕਤੂਬਰ, 2019.

**ਵਿਸ਼ਾ:ਈ-ਕੰਨਟੈਂਟ ਲਈ ਤਿਆਰ ਕੀਤੀ Mobile App ਦੀ ਵਰਤੋਂ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਸਕੂਲ ਸਿੱਖਿਆ ਵਿਭਾਗ ਵੱਲੋਂ ਵਿਦਿਆਰਥਆਂ ਨੂੰ ਗੁਣਵਤਾ ਭਰਪੂਰ ਸਿੱਖਿਆ ਮੁਹੱਇਆ ਕਰਵਾਉਣ ਦੀ ਲੜੀ ਤਹਿਤ ਵੱਖ-ਵੱਖ ਮਾਧਿਅਮਾਂ ਰਾਹੀਂ ਈ-ਕੰਨਟੈਂਟ ਮੁਹੱਇਆ ਕਰਵਾਇਆ ਹੋਇਆ ਹੈ। ਇਸੇ ਦੀ ਲਗਾਤਾਰਤਾ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਹੂਲਤ ਲਈ ਸਕੂਲ ਸਿੱਖਿਆ ਵਿਭਾਗ ਵੱਲੋਂ Mobile App (namely 'iScuela Learn') ਤਿਆਰ ਕੀਤੀ ਗਈ ਹੈ, ਜਿਸ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਬਹੁਤ ਹੀ ਮਿਆਰੀ ਅਤੇ ਰੌਚਕ ਮਲਟੀਮੀਡੀਆ ਬੇਸਡ ਈ-ਕੰਨਟੈਂਟ ਮੁਹੱਈਆ ਕਰਵਾਇਆ ਗਿਆ ਹੈ।

3.0 ਇਸ Mobile App ਨੂੰ ਡਾਊਨਲੋਡ ਕਰਨ ਅਤੇ ਵਰਤਣ ਲਈ instruction manual ਨਾਲ ਨੱਥੀ ਕੀਤਾ ਜਾਂਦਾ ਹੈ।

4.0 ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਜਿਲ੍ਹੇ ਨਾਲ ਸਬੰਧਤ ਸਮੂਹ ਸਕੂਲ ਮੁੱਖੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਇਸ Mobile App ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰਨ ਤਾਂ ਜੋ ਵਿਭਾਗ ਵੱਲੋਂ ਤਿਆਰ ਕੀਤੇ ਗਏ ਈ-ਕੰਨਟੈਂਟ ਦਾ ਵਿਦਿਆਰਥੀ ਵੱਧ-ਤੋਂ-ਵੱਧ ਲਾਭ ਲੈ ਸਕਣ।

ਸਕੱਤਰ ਸਕੂਲ ਸਿੱਖਿਆ, ਪੰਜਾਬ

# INSTRUCTION MANUAL
**(For downloading of E-Content App)**

## Mobile App (Android) ਨੂੰ ਡਾਊਨਲੋਡ ਕਰਨ ਦਾ ਤਰੀਕਾ:

ਮੋਬਾਇਲ ਐਪ ਨੂੰ Google Play Store ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਇਸ ਐਪ ਨੂੰ ਲੱਭਣ ਲਈ Google Play ਤੇ ਦਿੱਤੀ Search bar ਤੇ ਕਲਿਕ ਕਰਕੇ iScuela Learn ਲਿਖ ਕੇ ਲੱਭਿਆ ਜਾ ਸਕਦਾ ਹੈ। ਐਪ ਲੱਭਣ ਉਪਰੰਤ ਉਸ ਤੇ ਕਲਿਕ ਕਰਨ ਤੇ ਇਸ ਨੂੰ ਡਾਊਨਲੋਡ ਕਰਨ ਲਈ Install ਬਟਨ ਕਲਿਕ ਕੀਤਾ ਜਾ ਸਕਦਾ ਹੈ।




**ਜੇਕਰ Uninstall ਅਤੇ Open ਦਾ icon appear ਹੁੰਦਾ ਹੈ ਤਾਂ ਪਹਿਲਾਂ ਤੋਂ Install ਕੀਤੀ ਐਪ ਨੂੰ Uninstall ਕੀਤਾ ਜਾਵੇ ਅਤੇ ਫਿਰ ਉੱਥੇ ਹੀ ਦਿੱਤੇ Install ਬਟਨ ਤੋਂ Install ਕੀਤਾ ਜਾਵੇ।**




## Mobile App (Apple) ਨੂੰ ਡਾਊਨਲੋਡ ਕਰਨ ਦਾ ਤਰੀਕਾ:

ਮੋਬਾਇਲ ਐਪ ਨੂੰ App Store ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਇਸ ਐਪ ਨੂੰ ਲੱਭਣ ਲਈ Search ਤੇ Click ਕਰਕੇ iScuela Learn ਦੇ ਨਾਮ ਨਾਲ ਲੱਭਿਆ ਜਾ ਸਕਦਾ ਹੈ। ਇਸ ਨੂੰ ਡਾਊਨਲੋਡ ਕਰਨ ਲਈ Get ਬਟਨ ਕਲਿਕ ਕੀਤਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਐਪ ਡਾਊਨਲੋਡ ਕਰਨ ਲਈ ਹੇਠ ਲਿਖੇ ਲਿੰਕ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ:

**You can also go to this link www.iscuela.com/learnapplinks/ there are links to both google play store and Apple App store on this page.**

## ਰਜਿਸਟਰ ਕਰਨ ਦਾ ਤਰੀਕਾ:

1. ਐਪ ਨੂੰ Open ਕਰਨ ਉਪਰੰਤ Register ਤੇ ਕਲਿਕ ਕੀਤਾ ਜਾਵੇ।
2. ਲਿਸਟ ਬਾਕਸ ਵਿੱਚੋਂ Teacher ਸਿਲੈਕਟ ਕਰ ਲਿਆ ਜਾਵੇ।

3. ਇਸ ਵਿੱਚ ਅਧਿਆਪਕ ਆਪਣੀ ਡਿਟੇਲ ਭਰੇਗਾ ਜਿਵੇਂ ਕਿ ਨਾਮ, ਮੋਬਾਇਲ ਨੰ., ਈ-ਮੇਲ ਆਦਿ।
4. ਇਸ ਤੋਂ ਬਾਅਦ ਆਪਣੇ ਸਕੂਲ ਦਾ ਨਾਮ ਭਰੋ।
5. ਉਸ ਤੋਂ ਬਾਅਦ Punjab Board Primary ਜਾਂ Punjab Board Secondary ਵਿੱਚੋਂ ਕੋਈ ਇੱਕ ਦੀ ਚੋਣ ਕਰੋ।
6. ਆਪਣੀ Language ਦੀ ਚੋਣ ਕਰੋ।
7. ਉਸ ਤੋਂ ਬਾਅਦ ਜਿਹੜਾ Password ਤੁਸੀਂ ਐਪ ਲਈ ਰੱਖਣਾ ਹੈ ਉਸ Password ਨੂੰ ਦੋ ਵਾਰ ਭਰੋ ਅਤੇ Terms & Conditions ਨੂੰ tick (√) ਕਰੋ।
8. ਇਸ ਤੋਂ ਬਾਅਦ Done ਬਟਨ ਨੂੰ ਕਲਿਕ ਕਰੋ।
9. ਅਗਲਾ ਪੇਜ ਖੁੱਲਣ ਉਪਰੰਤ ਆਪਣੇ ਫੋਨ ਤੇ ਈ-ਕੰਨਟੈਂਟ ਸਟੋਰ ਕਰਨ ਦੀ Location ਤੇ ਜਿਵੇਂ ਕਿ Internal Memory ਜਾਂ SD Card ਲੋੜ ਅਨੁਸਾਰ ਸਿਲੇਕਟ ਕਰੋ।
10. Save & Continue ਵਾਲੇ ਬਟਨ ਤੇ ਕਲਿਕ ਕਰੋ।
11. ਅਗਲੇ ਪੇਜ਼ ਤੇ Account Authorization ਮੰਗੀ ਜਾਵੇਗੀ, ਜਿਸ ਵਿੱਚ ਅਧਿਆਪਕ ਆਪਣਾ 9 ਅਖਰਾਂ ਦਾ ePunjab School Portal ਵਾਲਾ ਸਟਾਫ ID ਭਰੇਗਾ।
12. ਇਸ ਤੋਂ ਬਾਅਦ ਆਪਣੇ ਅਤੇ ਸਕੂਲ ਦੇ ਨਾਮ ਦੀ ਪੁਸ਼ਟੀ ਕਰਨ ਵਾਸਤੇ YES, THIS IS CORRECT ਬਟਨ ਕਲਿਕ ਕਰੋ।
13. ਅਗਲੇ ਪੇਜ਼ ਤੇ + ਸਾਈਨ ਤੇ ਕਲਿਕ ਕਰਕੇ ਆਪਣੀ ਜਮਾਤ ਅਤੇ ਵਿਸ਼ੇ ਅਨੁਸਾਰ ਚੋਣ ਕਰਕੇ Add ਬਟਨ ਕਲਿਕ ਕੀਤਾ ਜਾਵੇ।
14. ਚੋਣ ਕੀਤੀਆਂ ਗਈਆਂ ਸੂਚੀਆਂ ਵਿੱਚੋਂ ਕਿਸੇ ਇੱਕ ਨੂੰ ਕਲਿਕ ਕਰਨ ਤੇ ਉਸ ਵਿੱਚ ਦਰਸਾਏ ਪਾਠ ਵਿੱਚੋਂ ਲੋੜ ਅਨੁਸਾਰ ਕੋਈ ਵੀ ਟਾਪਿਕ ਡਾਊਨਲੋਡ ਕਰਨ ਵਾਸਤੇ ਪਾਠ ਦੇ ਨਾਮ ਦੇ ਨਾਲ Download ਬਟਨ ਤੇ ਕਲਿਕ ਕੀਤਾ ਜਾਵੇ। ਪਾਠ ਨੂੰ ਡਾਊਨਲੋਡ ਹੋਣ ਲਈ 1 ਤੋਂ 5 ਮਿੰਟ ਤੱਕ ਦਾ ਸਮਾਂ ਲੱਗ ਸਕਦਾ ਹੈ।
15. ਪਾਠ ਡਾਊਨਲੋਡ ਹੋਣ ਉਪਰੰਤ ਇਸ ਪਾਠ ਤੇ ਕਲਿਕ ਕਰਕੇ ਇਹ ਪਾਠ ਫੋਨ ਤੇ ਵੇਖਿਆ ਜਾ ਸਕਦਾ ਹੈ।
16. ਪਾਠ ਡਾਊਨਲੋਡ ਹੋਣ ਉਪਰੰਤ ਇਹ ਤੁਹਾਡੇ ਮੋਬਾਇਲ ਵਿੱਚ ਸੇਵ ਹੋ ਜਾਵੇਗਾ ਅਤੇ ਬਾਅਦ ਵਿੱਚ ਇਸ ਨੂੰ ਵਾਰ-ਵਾਰ ਡਾਊਨਲੋਡ ਕਰਨ ਦੀ ਜਰੂਰਤ ਨਹੀਂ ਹੋਵੇਗੀ।
17. ਵਿਦਿਆਰਥੀਆਂ ਦੇ ਮੋਬਾਇਲ ਵਿੱਚ ਇਹ ਐਪ ਡਾਊਨਲੋਡ ਕਰਾਉਣ ਲਈ ਅਧਿਆਪਕ ਦੁਆਰਾ ਉਸਦੇ ਆਪਣੇ ਮੋਬਾਇਲ ਵਿੱਚ ਡਾਊਨਲੋਡ ਕੀਤੀ ਗਈ ਐਪ ਵਿੱਚ ਬਣੇ ਹੇਠਾਂ ਬਣੇ Keys ਆਈਕਨ ਤੇ ਕਲਿਕ ਕਰੇਗਾ ਅਤੇ ਇਸ ਉਪੰਰਤ Students Keys ਵਿੱਚ ਬਣੇ Generate Keys ਬਟਨ ਤੇ ਕਲਿਕ ਕਰੇਗਾ ਅਤੇ ਜਿੰਨੇਂ ਵਿਦਿਆਰਥੀਆਂ ਲਈ Keys ਚਾਹੀਦੀਆਂ ਹਨ, ਸਿਲੇਕਟ ਕਰੇਗਾ।
18. ਇਹ Keys ਵਿਦਿਆਰਥੀ ਆਪਣੇ ਮੋਬਾਇਲ ਫੋਨ ਉਤੇ ਇਸ ਐਪ ਨੂੰ ਡਾਊਨਲੋਡ ਕਰਨ ਲਈ ਵਰਤ ਸਕਦੇ ਹਨ।